


ਰੋਸ ਰੈਲੀ ਵਿਚ ਸ਼ਾਮਿਲ ਹੋਣ ਲਈ ਰਵਾਨਾ ਹੁੰਦੇ ਹੋਏ ਯੂਨਾਈਟਿਡ ਟੀਚਰਜ਼ ਫ਼ਰੰਟ ਦੇ ਅਹੁਦੇਦਾਰ। ਤਸਵੀਰ: ਵਿਨੋਦ

# ਸਾਂਝਾ ਅਧਿਆਪਕ ਮੋਰਚਾ ਦਾ ਜਥਾ ਪਠਾਨਕੋਟ ਜ਼ਿਲ੍ਹੇ ਤੋਂ ਸਿੱਖਿਆ ਮੰਤਰੀ ਦੇ ਪਿੰਡ 'ਚ ਰੋਸ ਰੈਲੀ ਲਈ ਹੋਇਆ ਰਵਾਨਾ

ਪਠਾਨਕੋਟ, 8 ਦਸੰਬਰ (ਵਿਨੋਦ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਫ਼ੈਸਲੇ ਅਨੁਸਾਰ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਦੇ ਪਿੰਡ ਵਿਚ ਕੀਤੇ ਜਾ ਰਹੇ ਰੋਸ ਧਰਨੇ ਵਿਚ ਸ਼ਮੂਲੀਅਤ ਕਰਨ ਲਈ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਪਠਾਨਕੋਟ ਦਾ ਜਥਾ ਰਵਾਨਾ ਹੋਇਆ। ਇਸ ਮੌਕੇ ਜ਼ਿਲ੍ਹੇ ਦੇ ਸੂਬਾਈ ਆਗੂ ਗੌਰਮਿੰਟ ਟੀਚਰਜ਼ ਯੂਨੀਅਨ ਸੁਭਾਸ਼ ਪਠਾਨਕੋਟ, ਜ਼ਿਲ੍ਹਾ ਵਿੱਤ ਸਕੱਤਰ ਰਵੀ ਦੱਤ ਨੇ ਦੱਸਿਆ ਕਿ 22 ਅਗਸਤ ਨੂੰ ਸਿੱਖਿਆ ਮੰਤਰੀ ਨਾਲ ਹੋਈ ਮੀਟਿੰਗ ਦੇ ਫ਼ੈਸਲੇ ਨੂੰ ਲਾਗੂ ਨਾ ਕਰਨ ਖ਼ਿਲਾਫ਼ ਡੀ.ਜੀ.ਐਸ.ਈ. ਰਾਹੀਂ ਸਿੱਖਿਆ ਮੰਤਰੀ ਨੂੰ ਰੋਸ ਪੱਤਰ ਭੇਜਿਆ ਗਿਆ ਹੈ। ਜਿਸ ਵਿੱਚ ਮੋਰਚੇ ਵੱਲੋਂ ਸਿੱਖਿਆ ਨੀਤੀ 2020 ਤਹਿਤ ਮਿਡਲ ਸਕੂਲਾਂ ਦੇ ਫ਼ੈਸਲੇ ਦਾ ਵਿਰੋਧ ਕੀਤਾ ਗਿਆ। 2018 ਤੋਂ ਲਾਗੂ ਅਧਿਆਪਕ ਵਿਰੋਧੀ ਨਿਯਮ ਨੂੰ ਰੱਦ ਕਰਨ ਦਾ ਵਾਅਦਾ ਪੂਰਾ ਨਹੀਂ ਕੀਤਾ ਗਿਆ, ਉਨ੍ਹਾਂ ਕਿਹਾ ਕਿ ਲੰਬੇ ਸਮੇਂ ਬਾਅਦ ਹੋਈ ਲੈਕਚਰ ਪ੍ਰਮੋਸ਼ਨ ਵਿਚ ਵਿਭਾਗ ਨੇ ਅਧਿਆਪਕਾਂ ਨੂੰ ਦੂਰ-ਦੁਰਾਡੇ ਦੇ ਸਟੇਸ਼ਨ ਦਿੱਤੇ ਹਨ। ਜਿਸ ਦਾ ਸਮੁੱਚਾ ਅਧਿਆਪਕ ਵਰਗ ਵਿਰੋਧ ਕਰ ਰਿਹਾ ਹੈ, 2018 ਤੋਂ ਚੱਲ ਰਹੇ ਹਰੇਕ ਵਰਗ ਦੀ ਤਰੱਕੀ, ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿਚ ਤਰੱਕੀ, ਸੀ.ਐਂਡ.ਵੀ. ਤੋਂ ਮਾਸਟਰ ਕਾਡਰ ਵਿਚ ਤਰੱਕੀ, 873 ਡੀ.ਪੀ.ਈ. ਭਰਤੀ ਵਿਚੋਂ ਬਾਕੀ ਉਮੀਦਵਾਰਾਂ ਨੂੰ ਆਰਡਰ ਦੇਣ ਬਾਰੇ ਨਾ ਤਾਂ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਨੇ ਅਤੇ ਨਾ ਹੀ ਸਿੱਖਿਆ ਮੰਤਰੀ ਨੇ ਕੋਈ ਧਿਆਨ ਦਿੱਤਾ। ਸਗੋਂ ਸੀ.ਐਂਡ.ਵੀ. ਕੇਡਰ ਦੇ ਪੀ.ਟੀ.ਆਈ./ਆਰਟ ਐਂਡ ਕਰਾਫ਼ਟ ਅਧਿਆਪਕਾਂ ਤੋਂ ਮੁੜ ਵਸੂਲੀ ਪੱਤਰ ਜਾਰੀ ਕੀਤਾ ਗਿਆ ਹੈ। ਸੀ.ਈ.ਪੀ. ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪੜ੍ਹਾਈ ਤੋਂ ਦੂਰ ਕਰਕੇ ਇਸ ਕੰਮ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ ਅਤੇ ਇਸ ਦੀ ਜਾਂਚ ਲਈ ਨਿਯੁਕਤ ਟੀਮਾਂ ਅਧਿਆਪਕਾਂ ਨੂੰ ਵੱਖਰੇ ਤੌਰ 'ਤੇ ਪ੍ਰੇਸ਼ਾਨ ਕਰ ਰਹੀਆਂ ਹਨ। ਪਹਿਲਾਂ ਅਧਿਆਪਕ ਸਮਰਾਟ ਪ੍ਰੋਜੈਕਟ ਵਿਚ ਲੱਗੇ ਹੋਏ ਸਨ, ਹੁਣ ਉਹ ਸੀ.ਈ.ਪੀ. ਜਦੋਂ ਇਮਤਿਹਾਨ ਨੇੜੇ ਆ ਰਹੇ ਹਨ, ਸਿਲੇਬਸ ਅੱਧ ਵਿਚਕਾਰ ਹੀ ਰਹਿ ਗਿਆ ਹੈ। ਜਿਸ ਕਾਰਨ ਅਧਿਆਪਕਾਂ ਵਿਚ ਉਪਰੋਕਤ ਮੰਗਾਂ ਤੋਂ ਇਲਾਵਾ ਕਈ ਵਿਭਾਗੀ ਮੰਗਾਂ ਅਤੇ ਵਿੱਤੀ ਮੰਗਾਂ ਹਨ, ਜਿਵੇਂ ਕਿ ਤਨਖ਼ਾਹਾਂ ਦੀ ਬਕਾਇਆ ਕਿਸ਼ਤਾਂ ਅਤੇ ਮਹਿੰਗਾਈ ਭੱਤੇ ਦੇ ਬਕਾਏ, ਪੇਂਡੂ ਭੱਤੇ ਸਮੇਤ 37 ਭੱਤੇ ਬਹਾਲ ਕੀਤੇ ਜਾਣ ਆਦਿ। ਜਿਸ ਪ੍ਰਤੀ ਵਿਭਾਗ ਗੰਭੀਰ ਨਹੀਂ ਹੈ। ਇਸ ਮੌਕੇ ਬਲਾਕ ਪ੍ਰਧਾਨ ਰਾਜੇਸ਼ ਕੁਮਾਰ, ਰਵੀ ਦੱਤ, ਰਾਜੇਸ਼ ਸ਼ਰਮਾ, ਕਸ਼ਮੀਰ ਸਿੰਘ, ਕਪਿਲ ਦੇਵ, ਰਾਜੇਸ਼ ਕੁਮਾਰ, ਤਰੁਣ ਸਿੰਘ, ਸਤਪਾਲ ਵਿਜੇ ਕੁਮਾਰ, ਵਿਨੋਦ ਅੱਤਰੀ, ਕੁਲਵਿੰਦਰ ਸਿੰਘ, ਰਾਕੇਸ਼ ਕੁਮਾਰ, ਹਰੀਸ਼ ਕੁਮਾਰ, ਪੰਕਜ ਕੁਮਾਰ ਆਦਿ ਹਾਜ਼ਰ ਸਨ।

# ਸਰਬੱਤ ਖ਼ਾਲਸਾ ਸੰਸਥਾ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਢਾਕੀ ਵਿਖੇ ਕਰਵਾਇਆ ਗੁਰਮਤਿ ਸਮਾਗਮ

ਪਠਾਨਕੋਟ, 8 ਦਸੰਬਰ (ਸੰਧੂ)-ਸਰਬੱਤ ਖ਼ਾਲਸਾ ਸੰਸਥਾ ਪਠਾਨਕੋਟ ਵਲੋਂ ਸੰਸਥਾ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲਾਟੀ ਦੀ ਦੇਖਰੇਖ ਹੇਠ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਢਾਕੀ ਵਿਖੇ ਹਫ਼ਤਾਵਾਰੀ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਪੰਥ ਦੇ ਪ੍ਰਸਿੱਧ ਕਥਾਵਾਚਕ ਪ੍ਰਚਾਰਕ ਭਾਈ ਜਸਵਿੰਦਰ ਸਿੰਘ ਸ਼ਹੂਰ ਨੇ ਚੱਲ ਰਹੀ ਬਾਣੀ ਦੀ ਵਿਆਖਿਆ ਬੜੇ ਹੀ ਸੁਚੱਜੇ ਢੰਗ ਨਾਲ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਅਤੇ ਭਾਈ ਮੋਹਨ ਸਿੰਘ ਦੇ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਸਥਾ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲਾਟੀ ਨੇ ਨੌਜਵਾਨਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਵੀ ਕੀਤਾ। ਅੰਤ ਵਿਚ ਗੁਰੂ ਸਾਹਿਬ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸੁਰਿੰਦਰ ਕੌਰ ਪੱਡਾ, ਬਲਵਿੰਦਰ ਸਿੰਘ, ਜਸਵਿੰਦਰ ਕੌਰ, ਦਲਜੀਤ ਸਿੰਘ, ਮੋਹਨ ਸਿੰਘ, ਕੁਲਦੀਪ ਸਿੰਘ ਖ਼ਾਲਸਾ, ਬਲਦੇਵ ਸਿੰਘ, ਸੁੱਚਾ ਸਿੰਘ, ਜਗਦੀਪ ਸਿੰਘ, ਸਿਮਰਪ੍ਰੀਤ ਸਿੰਘ, ਕਮਲਜੀਤ ਸਿੰਘ, ਗੁਰਮੀਤ ਗੁਰਬਚਨ ਸਿੰਘ, ਹਰਭਜਨ ਸਿੰਘ ਬੇਦੀ, ਚਰਨ ਸਿੰਘ, ਦਵਿੰਦਰ ਸਿੰਘ ਬਾਬਾ,



ਸਰਬੱਤ ਖ਼ਾਲਸਾ ਸੰਸਥਾ ਵਲੋਂ ਕਰਵਾਏ ਪ੍ਰੋਗਰਾਮ ਦੌਰਾਨ ਕਥਾ ਕਰਦੇ ਹੋਏ ਜਸਵਿੰਦਰ ਸਿੰਘ ਸ਼ਹੂਰ ਤੇ ਹਾਜ਼ਰ ਸੰਗਤਾਂ। ਤਸਵੀਰਾਂ: ਸੰਧੂ

ਪਰਮਜੀਤ ਸਿੰਘ ਸਹਾਇਕ, ਮਨਮੋਹਨ ਸਿੰਘ ਕੇਸਰ, ਡਾ: ਬਲਬੀਰ ਸਿੰਘ, ਗੁਰਸ਼ਰਨ ਸਿੰਘ, ਗੁਰਦਿਆਲ ਸਿੰਘ, ਗਿਆਨ ਸਿੰਘ, ਰਵਿੰਦਰ ਕੌਰ, ਜਗਜੀਤ ਸਿੰਘ, ਕਿਸ਼ਨ ਸਿੰਘ, ਦਾਤਾਰ ਸਿੰਘ, ਭਗਵਾਨ ਸਿੰਘ, ਬਲਰਾਜ ਸਿੰਘ, ਭੁਪਿੰਦਰ ਕੌਰ, ਗੀਤੂ ਕੌਰ ਸੇਠੀ, ਸੁਰਿੰਦਰ ਸਿੰਘ, ਮਦਨ ਸਿੰਘ, ਅਜੀਤ ਸਿੰਘ, ਚਰਨਜੀਤ ਕੌਰ, ਜਸਵੰਤ ਕੌਰ, ਜਸਵੰਤ ਸਿੰਘ, ਹਰਬੀਰ ਸਿੰਘ, ਸੁਖਬੀਰ ਸਿੰਘ, ਸਿੰਘ, ਸੁਖਵਿੰਦਰ ਸਿੰਘ, ਪ੍ਰਕਾਸ਼ ਕੌਰ, ਗੁਰਦੇਵ ਸਿੰਘ, ਰਾਜਿੰਦਰ ਕੌਰ, ਹਰਵਿੰਦਰ ਸਿੰਘ, ਰਾਣੀ ਕੌਰ, ਦਰਸ਼ਨ ਕੌਰ, ਜੁਝਾਰ ਸਿੰਘ, ਬਲਵਿੰਦਰ ਕੌਰ ਦੌਲਤਪੁਰ, ਦਵਿੰਦਰ ਕੌਰ ਬਬਲੀ, ਸੁਰਿੰਦਰ ਕੌਰ, ਪ੍ਰੀਤਮ ਸਿੰਘ ਦੂਆ, ਡੋਲੀ ਕੌਰ, ਮਲਕੀਤ ਸਿੰਘ, ਤ੍ਰਿਲੋਚਨ ਸਿੰਘ, ਤ੍ਰਿਲੋਕ ਸਿੰਘ, ਹਰਨਾਮ ਸਿੰਘ, ਜੋਗਿੰਦਰ ਸਿੰਘ, ਨਰਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਨਰੋਤਮ ਮਿਨਹਾਸ ਅਤੇ ਸੰਜੀਵ ਸ਼ਰਮਾ। ਤਸਵੀਰ: ਜਗਦੀਪ ਸਿੰਘ

# ਸ਼ਿਵ ਸੈਨਾ ਪੰਜਾਬ ਆਗੂਆਂ ਨੇ ਸੁਜਾਨਪੁਰ ਸ਼ਹਿਰ ਅੰਦਰ ਹੋ ਰਹੇ ਨਸ਼ੇ ਦੇ ਕਾਰੋਬਾਰ 'ਤੇ ਠੱਲ੍ਹ ਪਾਉਣ ਦੀ ਪ੍ਰਸ਼ਾਸਨ ਤੋਂ ਕੀਤੀ ਮੰਗ

## ਸ਼ਹਿਰ ਅੰਦਰ ਨਾਜਾਇਜ਼ ਸ਼ਰਾਬ ਦਾ ਧੰਦਾ ਚੱਲ ਰਿਹਾ ਜ਼ੋਰਾਂ 'ਤੇ-ਸੰਜੀਵ ਨਰੋਤਮ

ਸੁਜਾਨਪੁਰ, 8 ਦਸੰਬਰ (ਜਗਦੀਪ ਸਿੰਘ)-ਸੁਜਾਨਪੁਰ ਸ਼ਹਿਰ ਅਤੇ ਆਲੇ ਦੁਆਲੇ ਵਿਚ ਨਸ਼ੇ ਦੀ ਵਿੱਕਰੀ ਇਕ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਨਸ਼ਾ ਵੇਚਣ ਲਈ ਨਸ਼ੇ ਦੇ ਕਾਰੋਬਾਰੀ ਪੂਰਾ ਦਿਨ ਇਕ ਜਗ੍ਹਾ ਤੋਂ ਦੂਜੀ ਤੇ ਤੀਜੀ ਜਗ੍ਹਾ 'ਤੇ ਨਸ਼ੇ ਦਾ ਨਜਾਇਜ਼ ਕਾਰੋਬਾਰ ਕਰ ਰਹੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼ਿਵ ਸੈਨਾ ਪੰਜਾਬ ਦੇ ਰਾਸ਼ਟਰੀ ਕੋਰ ਕਮੇਟੀ ਮੈਂਬਰ ਨਰੋਤਮ ਮਿਨਹਾਸ ਅਤੇ ਪੰਜਾਬ ਪ੍ਰਵਕਤਾ ਸੰਜੀਵ ਸ਼ਰਮਾ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਗੱਲਬਾਤ ਕਰਦੇ ਹੋਏ ਕੀਤਾ। ਉਕਤ ਆਗੂਆਂ ਨੇ ਕਿਹਾ ਕਿ ਜੇਕਰ ਨਜਾਇਜ਼ ਸ਼ਰਾਬ ਦੀ ਗੱਲ ਕਰੀਏ ਤਾਂ ਨਜਾਇਜ਼ ਸ਼ਰਾਬ ਦੇ ਕਾਰੋਬਾਰੀ ਘਰ-ਘਰ ਸ਼ਰਾਬ ਪਹੁੰਚਾ ਰਹੇ ਹਨ। ਨਜਾਇਜ਼ ਸ਼ਰਾਬ ਕਾਰੋਬਾਰੀ ਦੂਸਰੇ ਸਰਕਲਾਂ ਜਾਂ ਬਾਹਰੀ ਸੂਬਿਆਂ ਤੋਂ ਸ਼ਰਾਬ ਲਿਆ ਕੇ ਸਸਤੇ ਰੇਟਾਂ 'ਤੇ ਲੋਕਾਂ ਨੂੰ ਸਪਲਾਈ ਕਰ ਰਹੇ ਹਨ। ਮੈਡੀਕੇਟਿਡ ਅਤੇ ਸਥਾਨਿਕ ਨਸ਼ਾ ਵੇਚਣ ਵਾਲੇ ਦੀ ਇਸ ਵੇਲੇ ਪੂਰੀ ਤਰ੍ਹਾਂ ਸਰਗਰਮ ਹਨ। ਸੁਜਾਨਪੁਰ ਦੇ ਹੋਟਲਾਂ, ਢਾਬਿਆਂ ਤੇ ਰੇਹੜੀਆਂ ਤੇ ਸ਼ਰੇਆਮ ਸ਼ਰਾਬ ਪਿਲਾਈ ਜਾਂਦੀ ਹੈ, ਜੋ ਕਿ ਚਿੰਤਾ ਵਿਸ਼ਾ ਹੈ। ਪੁਲਿਸ ਪ੍ਰਸ਼ਾਸਨ ਇਸ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਪਤਾ ਨਹੀਂ ਪ੍ਰਸ਼ਾਸਨ ਕਿਉਂ ਇਹ ਸਭ ਹੁੰਦਾ ਦੇਖ ਕੇ ਚੁੱਪ ਬੈਠਾ ਹੈ। ਨਰੋਤਮ ਮਿਨਹਾਸ ਅਤੇ ਸੰਜੀਵ ਸ਼ਰਮਾ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਨਸ਼ੇ ਦੇ ਕਾਰੋਬਾਰੀਆਂ ਨੂੰ ਨਕੇਲ ਪਾਈ ਜਾਵੇ ਤਾਂ ਜੋ ਨੌਜਵਾਨ ਇਸ ਪਾਸੇ ਵੱਲ ਨਾ ਜਾਣ, ਕਿਉਂਕਿ ਇਲਾਕੇ ਅੰਦਰ ਪਹਿਲਾਂ ਹੀ ਕਈ ਨੌਜਵਾਨ ਨਸ਼ੇ ਨਾਲ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ।



ਘਰ ਵਿਚ ਖਿਲਰਿਆ ਸਾਮਾਨ ਅਤੇ ਟੁੱਟੀਆਂ ਹੋਈਆਂ ਅਲਮਾਰੀਆਂ ਤੇ ਛੱਤ 'ਤੇ ਲੱਗੀ ਖਿੜਕੀ ਜਿਸ ਨੂੰ ਤੋੜ ਕੇ ਚੋਰ ਘਰ ਦੇ ਅੰਦਰ ਦਾਖ਼ਲ ਹੋਏ ਸੰਬੰਧੀ ਜਾਣਕਾਰੀ ਦਿੰਦਾ ਹੋਇਆ ਮਾਲਕ। ਤਸਵੀਰ: ਸੋਹਨ ਲਾਲ

# ਤਾਰਾਗੜ੍ਹ ਇਲਾਕੇ ਵਿਚ ਚੋਰਾਂ ਨੇ ਮਚਾਇਆ ਆਤੰਕ, ਲਗਾਤਾਰ ਚੋਰੀਆਂ ਨੂੰ ਦੇ ਰਹੇ ਹਨ ਅੰਜ਼ਾਮ

## ਚੋਰ ਸੋਨੇ, ਚਾਂਦੀ ਦੇ ਗਹਿਣੇ ਅਤੇ 15 ਹਜ਼ਾਰ ਰੁਪਏ ਨਕਦੀ ਲੈ ਕੇ ਹੋਏ ਫ਼ਰਾਰ

ਤਾਰਾਗੜ੍ਹ, 8 ਦਸੰਬਰ (ਸੋਹਨ ਲਾਲ)-ਕਸਬਾ ਤਾਰਾਗੜ੍ਹ ਅਤੇ ਉਸ ਦੇ ਨਜ਼ਦੀਕ ਪੈਂਦੇ ਪਿੰਡਾਂ ਵਿਚ ਚੋਰਾਂ ਨੇ ਆਤੰਕ ਮਚਾਇਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨ ਪਹਿਲਾਂ ਚੋਰਾਂ ਨੇ ਕੇ.ਸੀ.ਐਮ. ਹਸਪਤਾਲ (ਤਾਰਾਗੜ੍ਹ) ਤੋਂ ਇਕ ਮੋਟਰਸਾਈਕਲ ਅਤੇ ਪਿੰਡ ਸ਼ਾਦੀਪੁਰ ਵਿਚੋਂ 6 ਖੇਤਾਂ ਨੂੰ ਪਾਣੀ ਦੇਣ ਵਾਲੇ ਇੰਜਨਾਂ ਦੇ ਚੈਕਵਾਲ ਤੇ ਪਾਈਪਾਂ ਚੋਰੀ ਕੀਤੀਆਂ ਸਨ। ਇਸੇ ਤਰਜ਼ 'ਤੇ ਚੋਰਾਂ ਨੇ ਅੱਜ ਤਾਰਾਗੜ੍ਹ ਵਿਖੇ ਸਲਾਰੀਆ ਪੈਲੇਸ ਦੇ ਨਜ਼ਦੀਕ ਇਕ ਘਰ ਨੂੰ ਨਿਸ਼ਾਨਾ ਬਣਾਇਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਘਰ ਦੇ ਮਾਲਕ ਸੁਰੇਸ਼ ਸਿੰਘ ਦੀ ਪਤਨੀ ਨੇ ਦੱਸਿਆ ਕਿ ਮੇਰਾ ਪਤੀ ਸੁਰੇਸ਼ ਸਿੰਘ ਸੀ.ਆਰ.ਪੀ.ਐਫ. ਵਿਚ ਏ.ਐਸ.ਆਈ. ਰੈਂਕ 'ਤੇ ਕਸ਼ਮੀਰ ਵਿਚ ਨੌਕਰੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਮੈਂ ਆਪਣੇ ਬੱਚਿਆਂ ਨਾਲ ਵਿਆਹ 'ਤੇ ਗਈ ਸੀ ਅਤੇ ਜਦ ਸਵੇਰੇ 7 ਵਜੇ ਘਰ ਵਾਪਸ ਆਈ ਤਾਂ ਦੇਖਿਆ ਕਿ ਮੇਰੇ ਘਰ ਵਿਚ ਸਭ ਕੁਝ ਖਿਲਰਿਆ ਪਿਆ ਸੀ ਅਤੇ ਮੇਰੇ ਘਰ ਦੀਆਂ ਸਾਰੀਆਂ ਅਲਮਾਰੀਆਂ ਟੁੱਟੀਆਂ ਪਈਆਂ ਸਨ। ਉਨ੍ਹਾਂ ਦੱਸਿਆ ਕਿ ਚੋਰ ਘਰ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਦਾ ਡੀ.ਵੀ.ਆਰ. ਵੀ ਤੋੜ ਕੇ ਆਪਣੇ ਨਾਲ ਲੈ ਗਏ। ਉਨ੍ਹਾਂ ਦੱਸਿਆ ਕਿ ਚੋਰ ਛੱਤ ਦੇ ਰਸਤੇ ਸਾਡੇ ਘਰ ਛੱਤ 'ਤੇ ਕਮਰੇ 'ਚ ਲੱਗੀਆਂ ਖਿੜਕੀਆਂ ਤੋੜ ਕੇ ਘਰ ਦੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਦੱਸਿਆ ਕਿ ਜਦ ਅਸੀਂ ਆਪਣੇ ਘਰ ਟੁੱਟਿਆ ਅਲਮਾਰੀਆਂ ਵਿਚ ਆਪਣਾ ਸਮਾਨ ਦੇਖਿਆ ਤਾਂ ਚੋਰ ਸੋਨੇ ਦੇ ਲਗਪਗ 6 ਤੋਲੇ ਗਹਿਣੇ, ਇਕ ਚਾਂਦੀ ਦੀ ਚੈਨ, ਚਾਂਦੀ ਦੀਆਂ ਝਾਂਜਰਾਂ ਅਤੇ ਤਕਰੀਬਨ 15000 ਰੁਪਏ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਸਾਡੇ ਘਰ ਵਿਚ ਇਸ ਚੋਰੀ ਨੂੰ ਅਸੀਂ ਪਿੰਡ ਦੇ ਸਰਪੰਚ ਅਤੇ ਪੁਲਿਸ ਨੂੰ ਵੀ ਸੂਚਨਾ ਦੇ ਦਿੱਤੀ ਹੈ।

# ਨਵ-ਵਿਆਹੀ ਦੁਲਹਨ ਦੀ ਖਿੱਚ ਵੀ ਮੇਜਰ ਰਾਣਾ ਨੂੰ ਬਾਰਡਰ 'ਤੇ ਜਾਣ ਤੋਂ ਨਾ ਰੋਕ ਸਕੀ

## *ਮੇਜਰ ਰਾਣਾ ਨੇ 1971 ਭਾਰਤ-ਪਾਕਿ ਜੰਗ ਵਿਚ ਪੀਤਾ ਸੀ ਸ਼ਹਾਦਤ ਦਾ ਜਾਮ, ਸ਼ਰਧਾਂਜਲੀ ਸਮਾਗਮ ਅੱਜ

ਤਾਰਾਗੜ੍ਹ, 8 ਦਸੰਬਰ (ਸੋਹਨ ਲਾਲ)-ਸ਼ਹੀਦਾਂ ਦੀ ਸੂਚੀ ਵਿਚ ਆਪਣਾ ਨਾਂਅ ਸ਼ਾਮਿਲ ਕਰਨ ਵਾਲੇ ਤਾਰਾਗੜ੍ਹ ਦੇ ਨਜ਼ਦੀਕ ਪੈਂਦੇ ਪਿੰਡ ਤੰਗੋਸ਼ਾਹ ਦੇ ਵਸਨੀਕ ਮੇਜਰ ਕੁਲਬੀਰ ਸਿੰਘ ਰਾਣਾ, ਜਿਨ੍ਹਾਂ ਦੀ ਕੁਰਬਾਨੀ 'ਤੇ ਅੱਜ ਵੀ ਇਲਾਕੇ ਦੇ ਲੋਕ ਮਾਣ ਮਹਿਸੂਸ ਕਰਦੇ ਹਨ। ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਮੇਜਰ ਰਾਣਾ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਬਹਾਦਰ ਯੋਧੇ ਦਾ ਜਨਮ 28 ਜਨਵਰੀ 1943 ਨੂੰ ਮਾਤਾ ਯਮੁਨਾ ਦੇਵੀ ਦੀ ਕੁੱਖੋਂ ਪਿਤਾ ਠਾਕੁਰ ਚੈਨ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਦਲੇਰੀ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਰੰਗੇ ਮੇਜਰ ਰਾਣਾ ਆਪਣੇ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਮਾਤਾ ਯਮੁਨਾ ਦੇਵੀ ਅਤੇ ਪਿਤਾ ਠਾਕੁਰ ਚੈਨ ਸਿੰਘ ਆਪਣੇ ਪੁੱਤਰ ਨੂੰ ਸਿਵਲ ਸੇਵਾਵਾਂ ਵਿਚ ਭੇਜਣਾ ਚਾਹੁੰਦੇ ਸਨ, ਪਰ ਰਾਣਾ ਸਰਹੱਦ 'ਤੇ ਤਾਇਨਾਤ ਹੋ ਕੇ ਦੁਸ਼ਮਣ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਸਨ। ਦੇਸ਼ ਭਗਤੀ ਦੀ ਇਸ ਭਾਵਨਾ ਤੋਂ ਪ੍ਰਭਾਵਿਤ ਹੋ ਕੇ 1963 ਵਿਚ ਸਿਰਫ਼ 20 ਸਾਲ ਦੀ ਛੋਟੀ ਉਮਰ ਵਿਚ ਉਹ ਫੌਜ ਵਿਚ 15 ਰਾਜਪੂਤ ਰੈਜ਼ੀਮੈਂਟ ਵਿਚ ਬਤੌਰ ਲੈਫਟੀਨੈਂਟ ਭਰਤੀ ਹੋ ਗਏ। 1965 ਦੀ ਭਾਰਤ-ਪਾਕਿ ਜੰਗ ਵਿਚ ਉਨ੍ਹਾਂ ਨੇ ਆਪਣੀ ਬਹਾਦਰੀ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ ਅਤੇ ਦੁਸ਼ਮਣ ਦੇ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਤੇ ਉਨ੍ਹਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਉਸ ਦੀ ਬਹਾਦਰੀ ਕਾਰਨ ਸਰਕਾਰ ਨੇ ਉਸ ਨੂੰ ਸੇਵਾ ਮੈਡਲ ਅਤੇ ਰੱਖਿਆ ਮੈਡਲ ਨਾਲ ਸਨਮਾਨਿਤ ਕੀਤਾ। 1971 ਵਿਚ ਮੇਜਰ ਰਾਣਾ ਦਾ ਵਿਆਹ ਸੰਤੋਸ਼ ਰਾਣਾ ਨਾਲ ਹੋਇਆ। ਉਸ ਦੀ ਵਹੁਟੀ ਦੀ ਹੱਥਾਂ ਦੀ ਮਹਿੰਦੀ ਦਾ ਰੰਗ ਅਜੇ ਫਿੱਕਾ ਨਹੀਂ ਪਿਆ ਕਿ ਨਵੀਂ ਦੁਲਹਨ ਦੀ ਖਿੱਚ ਵੀ ਮੇਜਰ ਰਾਣਾ ਨੂੰ ਬਾਰਡਰ 'ਤੇ ਜਾਣ ਤੋਂ ਨਾ ਰੋਕ ਸਕੀ। ਦੁਸ਼ਮਣ ਨੂੰ ਸਬਕ ਸਿਖਾਉਣ ਲਈ ਇਕ ਵਾਰ ਫਿਰ ਮੇਜਰ ਰਾਣਾ ਨੇ ਸਰਹੱਦ 'ਤੇ ਜਾ ਕੇ ਆਪਣੀ ਬਹਾਦਰੀ ਦਾ ਮੁਜ਼ਾਹਰਾ ਕੀਤਾ ਅਤੇ ਉਸ ਦਾ ਨੱਕ ਵੱਢ ਦਿੱਤਾ ਪਰ ਇਕ ਗੋਲੀ ਮੇਜਰ ਰਾਣਾ ਦੀ ਛਾਤੀ 'ਚ ਵੱਜ ਗਈ ਅਤੇ ਉਹ ਆਪਣੇ ਵਿਆਹ ਤੋਂ 9 ਮਹੀਨੇ ਬਾਅਦ ਹੀ ਇਹ ਬਹਾਦਰ ਯੋਧਾ ਮਾਤਰ ਭੂਮੀ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਿਆ। ਵਹੁਟੀ ਵਾਂਗ ਸ਼ਹਾਦਤ ਨੂੰ ਗਲੇ ਲਾ ਕੇ ਆਪਣਾ ਨਾਂਅ ਸੁਨਹਿਰੀ ਅੱਖਰਾਂ ਵਿਚ ਲਿਖਾ ਗਿਆ। ਕੁੰਵਰ ਵਿੱਕੀ ਨੇ ਦੱਸਿਆ ਕਿ ਮੇਜਰ ਰਾਣਾ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਅੱਜ 9 ਦਸੰਬਰ ਦਿਨ ਸੋਮਵਾਰ ਨੂੰ ਪਿੰਡ ਤੰਗੋਸ਼ਾਹ ਵਿਚ ਉਨ੍ਹਾਂ ਦੇ ਨਾਂਅ 'ਤੇ ਬਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਸ਼ਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਇਲਾਕੇ ਦੇ ਕਈ ਪਤਵੰਤੇ ਅਤੇ ਫੌਜੀ ਅਧਿਕਾਰੀ ਇਸ ਬਹਾਦਰ ਯੋਧੇ ਨੂੰ ਸ਼ਰਧਾਂਜਲੀ ਭੇਟ ਕਰਨਗੇ।



ਸ਼ਹੀਦ ਮੇਜਰ ਕੁਲਬੀਰ ਸਿੰਘ ਰਾਣਾ ਦੀ ਫਾਈਲ ਫ਼ੋਟੋ।

# ਪਲਸ ਪੋਲੀਓ ਮੁਹਿਮ ਤਹਿਤ ਕੈਂਪ ਲਗਾ ਕੇ ਜ਼ੀਰੋ ਤੋਂ ਪੰਜ ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ

ਸੁਜਾਨਪੁਰ, 8 ਦਸੰਬਰ (ਜਗਦੀਪ ਸਿੰਘ)-ਸਿਹਤ ਵਿਭਾਗ ਵਲੋਂ ਅੱਜ ਕਮਿਊਨਿਟੀ ਹੈਲਥ ਸੈਂਟਰ ਸੁਜਾਨਪੁਰ ਵਿਖੇ ਨੋਡਲ ਅਫ਼ਸਰ ਡਾ: ਆਂਚਲ ਸ਼ਰਮਾ ਦੀ ਦੇਖਰੇਖ ਹੇਠ ਪਲਸ ਪੋਲੀਓ ਮੁਹਿਮ ਚਲਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ: ਆਂਚਲ ਸ਼ਰਮਾ ਨੇ ਦੱਸਿਆ ਕਿ ਇਸ ਅਭਿਆਨ ਤਹਿਤ ਜ਼ੀਰੋ ਤੋਂ ਲੈ ਕੇ 5 ਸਾਲ ਤੱਕ ਦੇ ਬੱਚਿਆਂ ਨੂੰ ਪਲਸ ਪੋਲੀਓ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਸੁਜਾਨਪੁਰ ਸ਼ਹਿਰ ਅੰਦਰ ਪੰਜ ਸੈਂਟਰ ਬਣਾਏ ਗਏ ਹਨ। ਜਿੱਥੇ ਪਲਸ ਪੋਲੀਓ ਬੂੰਦਾਂ ਪਿਲਾਈਆਂ ਗਈਆਂ ਹਨ। ਜਿਨ੍ਹਾਂ ਵਿਚ ਕਮਿਊਨਿਟੀ ਹੈਲਥ ਸੈਂਟਰ, ਸ੍ਰੀ ਗੁਰੂ ਰਵਿੰਦਾਸ ਮੰਦਿਰ, ਰਾਜਪੂਤ ਸਕੂਲ, ਆਰਿਆ ਸਮਾਜ ਮੰਦਿਰ ਅਤੇ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ 1536 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਹ ਪਲਸ ਪੋਲੀਓ ਮੁਹਿੰਮ 8 ਤੋਂ 10 ਦਸੰਬਰ ਤੱਕ ਚੱਲੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਜ਼ਰੂਰ ਪਿਲਾਓ ਤਾਂ ਜੋ ਬੱਚਿਆਂ ਨੂੰ ਇਸ ਨਾਮੁਰਾਦ ਬਿਮਾਰੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਡਾ: ਅਰੁਚੀ ਸ਼ਰਮਾ, ਹੈਲਥ ਵਰਕਰ ਗੁਲਾਬ ਸਿੰਘ, ਐਲ.ਐਚ.ਵੀ. ਬਿਮਲਾ ਦੇਵੀ ਆਦਿ ਹਾਜ਼ਰ ਸਨ।




ਬੱਚਿਆਂ ਨੂੰ ਪੋਲੀਓ ਰੋਕਨੂੰ ਬੂੰਦਾਂ ਪਿਲਾਉਂਦੇ ਡਾ: ਆਂਚਲ ਸ਼ਰਮਾ ਤੇ ਸਾਥੀ। ਤਸਵੀਰ: ਜਗਦੀਪ ਸਿੰਘ

# ਹਰਿਆਣਾ ਸਰਕਾਰ ਵਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗਣਾ ਭਾਜਪਾ ਦੀ ਕਿਸਾਨੀ ਪ੍ਰਤੀ ਘਟੀਆ ਸੋਚ ਦਾ ਪ੍ਰਗਟਾਵਾ-ਸੁਖਜਿੰਦਰ ਸਿੰਘ ਰੰਧਾਵਾ

ਪਠਾਨਕੋਟ, 8 ਦਸੰਬਰ (ਸੰਧੂ)-ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਗੁਰਦਾਸਪੁਰ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਜਨਰਲ ਸਕੱਤਰ ਇੰਚਾਰਜ ਰਾਜਸਥਾਨ ਕਾਂਗਰਸ ਨੇ ਅੱਜ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਸ਼ਾਂਤਮਈ ਤਰੀਕੇ ਨਾਲ ਦਿੱਲੀ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵਲੋਂ ਅੱਥਰੂ ਗੈਸ ਦੇ ਗੋਲੇ ਦਾਗਣਾ ਅਤੇ ਲਾਠੀਚਾਰਜ ਕਰਨਾ ਭਾਜਪਾ ਦੀ ਕਿਸਾਨੀ ਪ੍ਰਤੀ ਘਟੀਆ ਸੋਚ ਦਾ ਪ੍ਰਗਟਾਵਾ ਹੈ। ਉਨ੍ਹਾਂ ਹਰਿਆਣਾ ਸਰਕਾਰ ਦੀ ਇਸ ਕਾਰਵਾਈ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਜਪਾ ਸਰਕਾਰ ਵਲੋਂ ਦਿੱਲੀ ਵਿਖੇ ਹੋਏ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨਾਲ ਹੋਏ ਸਮਝੌਤੇ ਤਹਿਤ ਲਿਖਤ ਵਿਚ ਕਿਸਾਨਾਂ ਦੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਕਿਸਾਨੀ ਕਰਜ਼ੇ ਮਾਫ਼ ਕਰਨ 'ਤੇ ਸਹਿਮਤੀ ਬਣੀ ਸੀ ਤੇ ਭਾਜਪਾ ਸਰਕਾਰ ਨੂੰ ਖੇਤੀਬਾੜੀ ਨਾਲ ਸਬੰਧਿਤ ਤਿੰਨ ਕਾਲੇ ਕਾਨੂੰਨ ਕਿਸਾਨਾਂ ਦੇ ਅੰਦੋਲਨ ਅੱਗੇ ਝੁਕ ਕੇ ਵਾਪਸ ਲੈਣੇ ਪਏ ਸਨ। ਪਰ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਸੰਸਦ ਦੇ ਚੱਲ ਰਹੇ ਸੈਸ਼ਨ ਦੌਰਾਨ ਆਪਣੇ ਮੈਂਬਰ ਪਾਰਲੀਮੈਂਟ ਸਾਥੀਆਂ ਨਾਲ ਹਰਿਆਣਾ ਸਰਕਾਰ ਦੀ ਇਸ ਕਾਰਵਾਈ ਨੂੰ ਜ਼ੋਰ-ਸ਼ੋਰ ਨਾਲ ਉਠਾਉਣਗੇ ਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿਵਾਉਣ ਤੱਕ ਚੈਨ ਨਾਲ ਨਹੀਂ ਬੈਠਣਗੇ। ਉਨ੍ਹਾਂ ਪੰਜਾਬ ਵਿਚ ਰਾਜ ਕਰ ਰਹੀ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਭਾਜਪਾ ਨਾਲ ਮਿਲੀ ਭੁਗਤ ਕਰਕੇ ਹੀ ਕਿਸਾਨਾਂ 'ਤੇ ਜ਼ੁਲਮ ਢਾਹੇ ਜਾ ਰਹੇ ਹਨ। ਕਾਂਗਰਸ ਪਾਰਟੀ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੀਆਂ ਮੰਗਾਂ ਨੂੰ ਮਨਵਾਉਣ ਤੱਕ ਆਪਣਾ ਸੰਘਰਸ਼ ਜਾਰੀ ਰੱਖੇਗੀ। ਮੀਡੀਆ ਨੂੰ ਇਹ ਜਾਣਕਾਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਹਵਾਲੇ ਨਾਲ ਉਨ੍ਹਾਂ ਦੇ ਨਜ਼ਦੀਕੀ ਸਾਥੀ ਕਿਸ਼ਨ ਚੰਦਰ ਮਹਾਜਨ ਨੇ ਸਾਂਝੀ ਕੀਤੀ।



ਸੁਖਜਿੰਦਰ ਸਿੰਘ ਰੰਧਾਵਾ

# ਅਲਾਇੰਸ ਕਲੱਬ ਪਠਾਨਕੋਟ ਮੇਨ ਵਲੋਂ ਲੇਖਣ ਪ੍ਰਤੀਯੋਗਤਾ ਦੇ ਜੇਤੂਆਂ ਨੂੰ ਇਨਾਮ ਵੰਡੇ

ਪਠਾਨਕੋਟ, 8 ਦਸੰਬਰ (ਸੰਧੂ)-ਐਸੋਸੀਏਸ਼ਨ ਆਫ਼ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ 170-ਐਨ ਵਲੋਂ ਅਲਾਇੰਸ ਕਲੱਬ ਪਠਾਨਕੋਟ ਮੇਨ ਦੇ ਪ੍ਰਧਾਨ ਏਲੀ ਅਵਤਾਰ ਅਬਰੋਲ (ਐਲ.ਐਮ.ਐਫ.) ਦੀ ਅਗਵਾਈ ਵਿਚ ਹੈਪੀ ਹਾਈ ਸੀਨੀਅਰ ਸੈਕੰਡਰੀ ਸਕੂਲ ਰਾਮ-ਲੀਲ੍ਹਾ ਗਰਾਊਂਡ ਵਿਚ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਜਿਸ ਵਿਚ ਲੇਖਣ ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਜੇਤੂ ਬੱਚਿਆਂ ਨੂੰ ਕਲੱਬ ਵਲੋਂ ਇਨਾਮ ਦਿੱਤੇ ਗਏ। ਇਸ ਵਿਚ ਡਿਸਟ੍ਰਿਕਟ 170-ਐਨ ਦੇ ਡਿਸਟ੍ਰਿਕਟ ਗਵਰਨਰ ਏਲੀ ਪ੍ਰਦੀਪ ਭਾਰਦਵਾਜ ਐਲ.ਐਮ.ਐਫ. ਮੁੱਖ ਮਹਿਮਾਨ ਵਜੋਂ ਅਤੇ ਵਾਈਸ ਡਿਸਟ੍ਰਿਕਟ ਗਵਰਨਰ-2 ਏਲੀ ਵਰਿੰਦਰਜੀਤ ਕਲੇਰ (ਐਲ.ਐਮ.ਐਫ.) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਡਿਸਟ੍ਰਿਕਟ ਵਿੱਤ ਸਕੱਤਰ ਪ੍ਰਵੇਸ਼ ਭੰਡਾਰੀ (ਐਲ.ਐਮ.ਐਫ.), ਗਗਨ ਸ਼ਰਮਾ, ਵਿਪਨ ਅਰੋੜਾ, ਐਨ.ਪੀ. ਧਵਨ, ਅਰਵਿੰਦ ਬਾਂਟਾ, ਸਤੀਸ਼ ਪਾਸੀ, ਸੁਨੀਲ ਚੋਪੜਾ, ਅਰੁਣ ਮਰਵਾਹਾ, ਰੂਪ ਲਾਲ ਪਠਾਨੀਆ ਵੀ ਹਾਜ਼ਰ ਸਨ। ਪ੍ਰਧਾਨ ਅਵਤਾਰ ਅਬਰੋਲ ਨੇ ਦੱਸਿਆ ਕਿ 2 ਦਸੰਬਰ ਨੂੰ ਇਸੇ ਸਕੂਲ ਵਿਚ ਬੱਚਿਆਂ ਨੂੰ ਪ੍ਰਦੂਸ਼ਿਤ ਵਾਤਾਵਰਨ ਤੇ ਜਵਲੰਤ ਸਮੱਸਿਆ ਅਤੇ ਨਸ਼ੇ ਦੀ ਆਦਤ-ਮੌਤ ਨੂੰ ਦਾਵਤ ਵਿਸ਼ਿਆਂ 'ਤੇ ਲੇਖਣ ਪ੍ਰਤੀਯੋਗਤਾ ਕਰਵਾਈ ਗਈ ਸੀ। ਜਿਸ ਵਿਚ 6 ਵੱਖ-ਵੱਖ ਸਕੂਲਾਂ ਦੇ 80 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਨ੍ਹਾਂ ਵਿਚ ਵੱਖ-ਵੱਖ ਵਿਸ਼ਿਆਂ 'ਤੇ 6 ਜੇਤੂ ਕੱਢੇ ਗਏ। ਪ੍ਰਦੂਸ਼ਿਤ ਵਾਤਾਵਰਨ ਤੇ ਜਵਲੰਤ ਸਮੱਸਿਆ ਵਿਸ਼ੇ ਵਿਚ ਹੈਪੀ ਸੀਨੀਅਰ ਸੈਕੰਡਰੀ ਸਕੂਲ ਦੇ ਪੁਸ਼ਕਰ ਨੇ ਪਹਿਲਾ, ਪਾਇਲਟ ਸੀਨੀਅਰ ਸੈਕੰਡਰੀ ਸਕੂਲ ਦੀ ਜਸਵੀਨ ਕੌਰ ਨੇ ਦੂਸਰਾ, ਵਿਵੇਕਾਨੰਦ ਪਬਲਿਕ ਸਕੂਲ ਦੀ ਮਹਿਕ ਨੇ ਤੀਸਰਾ ਅਤੇ ਲੜਕਿਆਂ ਦੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਰਣਬੀਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਨਸ਼ੇ ਦੀ ਆਦਤ-ਮੌਤ ਨੂੰ ਦਾਵਤ ਵਿਸ਼ੇ ਵਿਚ ਵਿੱਦਿਆ ਮੰਦਿਰ ਪਬਲਿਕ ਸਕੂਲ ਦੀ ਜੀਆ ਨੇ ਪਹਿਲਾ, ਵਿਵੇਕਾਨੰਦ ਪਬਲਿਕ ਹਾਈ ਸਕੂਲ ਦੀ ਰਿਤਿਕਾ ਨੇ ਦੂਸਰਾ ਅਤੇ ਇਸੇ ਸਕੂਲ ਦੀ ਮੁਸਕਾਨ ਸ਼ਰਮਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੌਰਾਨ ਜੱਜ ਦੀ ਭੂਮਿਕਾ ਸੇਵਾ ਮੁਕਤ ਪ੍ਰਿੰਸੀਪਲ ਕੇ.ਵੀ. ਚੋਪੜਾ ਅਤੇ ਪ੍ਰੀਤੀ ਅਬਰੋਲ ਨੇ ਬਾਖ਼ੂਬੀ ਨਿਭਾਈ।




ਜੇਤੂਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਦੀਪ ਭਾਰਦਵਾਜ ਤੇ ਹੋਰ। ਤਸਵੀਰ: ਸੰਧੂ

# ਸਟੇਟ ਪੈਨਸ਼ਨਰਜ਼ ਵੈਲਫੇਅਰ ਆਰਗੇਨਾਈਜ਼ੇਸ਼ਨ ਪਠਾਨਕੋਟ ਵਲੋਂ ਮੀਟਿੰਗ



ਸਟੇਟ ਪੈਨਸ਼ਨਰਜ਼ ਵੈਲਫੇਅਰ ਆਰਗੇਨਾਈਜ਼ੇਸ਼ਨ ਪਠਾਨਕੋਟ ਦੇ ਆਗੂ ਮੀਟਿੰਗ ਕਰਦੇ ਹੋਏ। ਤਸਵੀਰ: ਸੰਧੂ

ਪਠਾਨਕੋਟ, 8 ਦਸੰਬਰ (ਸੰਧੂ)-ਸਟੇਟ ਪੈਨਸ਼ਨਰਜ਼ ਵੈਲਫੇਅਰ ਆਰਗੇਨਾਈਜ਼ੇਸ਼ਨ ਪਠਾਨਕੋਟ ਵਲੋਂ ਮੀਟਿੰਗ ਜ਼ਿਲ੍ਹਾ ਪ੍ਰਧਾਨ ਕੇਦਾਰਨਾਥ ਸੈਣੀ ਦੀ ਪ੍ਰਧਾਨਗੀ ਹੇਠ ਪੁਰਾਣਾ ਖ਼ਜ਼ਾਨਾ ਦਫ਼ਤਰ ਵਿਖੇ ਹੋਈ। ਜਿਸ ਵਿਚ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿਚ ਆਰਗੇਨਾਈਜ਼ੇਸ਼ਨ ਦੇ ਸਰਪ੍ਰਸਤ ਸ਼ੇਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿਚ ਰੋਸ ਪ੍ਰਗਟ ਕਰਦਿਆਂ ਮੈਂਬਰਾਂ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਨੇ 4 ਫ਼ੀਸਦੀ ਡੀ.ਏ. ਦਿੱਤਾ ਹੈ। ਪਰ ਬਾਕੀ ਡੀ.ਏ. ਦੀਆਂ ਕਿਸ਼ਤਾਂ ਦਾ ਭੁਗਤਾਨ ਵੀ ਜਲਦੀ ਕੀਤਾ ਜਾਵੇ। ਚੇਅਰਮੈਨ ਕੇਦਾਰ ਨਾਥ ਸੈਣੀ ਨੇ ਰੋਹ ਵਿਚ ਆ ਕੇ ਮੰਗ ਕੀਤੀ ਕਿ 1-1-2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਨੂੰ 2.59 ਦੇ ਫ਼ਾਰਮੂਲੇ ਤਹਿਤ ਪੈਨਸ਼ਨ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ 2016 ਤੋਂ 2021 ਤੱਕ ਦੇ ਛੇਵੇਂ ਤਨਖ਼ਾਹ ਕਮਿਸ਼ਨ ਦੇ ਬਕਾਏ ਤੁਰੰਤ ਅਦਾ ਕਰੇ ਤਾਂ ਜੋ ਪੈਨਸ਼ਨਰਾਂ ਨੂੰ ਰਾਹਤ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬਣਦੀ ਮੈਡੀਕਲ ਸਕੀਮ ਨੂੰ ਵੀ ਸਰਕਾਰ ਵਲੋਂ ਲਾਗੂ ਕੀਤਾ ਜਾਵੇ। ਪ੍ਰਧਾਨ ਕੇਦਾਰਨਾਥ ਸੈਣੀ ਨੇ ਦੱਸਿਆ ਕਿ ਜਥੇਬੰਦੀ ਵਲੋਂ 17 ਦਸੰਬਰ ਨੂੰ ਸਥਾਨਿਕ ਅਭਿਨੰਦਨ ਪੈਲੇਸ ਵਿਖੇ ਪੈਨਸ਼ਨਰਜ਼ ਦਿਵਸ ਮਨਾਇਆ ਜਾਵੇਗਾ। ਜਿਸ ਵਿਚ ਜ਼ਿਲ੍ਹੇ ਦੇ ਸਮੂਹ ਪੈਨਸ਼ਨਰ ਸ਼ਮੂਲੀਅਤ ਕਰਨਗੇ। ਮੀਟਿੰਗ ਵਿਚ ਮਾਸਟਰ ਸ਼ਾਮ ਸਿੰਘ, ਵਿਜੇ ਕੁਮਾਰ, ਰਣਜੀਤ ਸਿੰਘ, ਗੁਰਬਚਨ ਲਾਲ ਸੰਨੀ, ਸਤੀਸ਼ ਕੁਮਾਰ, ਤਰਸੇਮ ਲਾਲ, ਵਿਜੇ ਸਿੰਘ, ਅਮਰਜੀਤ ਕੁਮਾਰ, ਹਰਬੰਸ ਲਾਲ, ਰਜਿੰਦਰ ਤਿਵਾੜੀ, ਤਿਲਕ ਰਾਜ ਸੈਣੀ, ਸਵਰਨ ਸਿੰਘ, ਤਰਸੇਮ ਲਾਲ, ਦਾਨਾ ਰਾਮ, ਭਗਵਤੀ ਚਰਨ ਸ਼ਰਮਾ, ਮਨਮੋਹਨ ਲਾਲ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੀ ਪ੍ਰਿੰਸੀਪਲ ਸ਼ੁਭਰਾ ਰਾਣੀ ਬਣੀ ਸੀ.ਬੀ.ਐੱਸ.ਈ. ਸਿਟੀ ਕੋਆਰਡੀਨੇਟਰ

ਪਠਾਨਕੋਟ, 8 ਦਸੰਬਰ (ਸੰਧੂ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੂੰ ਇਹ ਐਲਾਨ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦੀ ਪ੍ਰਿੰਸੀਪਲ ਸ਼ੁਭਰਾ ਰਾਣੀ ਨੂੰ ਸੀ.ਬੀ.ਐੱਸ.ਈ. ਚੰਡੀਗੜ੍ਹ ਖੇਤਰ ਵਲੋਂ ਸਿਟੀ ਕੋਆਰਡੀਨੇਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਇਹ ਸਨਮਾਨਯੋਗ ਨਿਯੁਕਤੀ ਉਨ੍ਹਾਂ ਦੀ ਸ਼ਾਨਦਾਰ ਅਗਵਾਈ, ਅਕਾਦਮਿਕ ਉੱਤਮਤਾ ਪ੍ਰਤੀ ਸਮਰਪਣ ਅਤੇ ਖੇਤਰ ਵਿਚ ਸੰਪੂਰਨ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧਤਾ ਦਾ ਪ੍ਰਮਾਣ ਹੈ। ਸਿਟੀ ਕੋਆਰਡੀਨੇਟਰ ਵਜੋਂ ਸ਼ੁਭਰਾ ਰਾਣੀ ਸ਼ਹਿਰ ਵਿਚ ਸੀ.ਬੀ.ਐੱਸ.ਈ. ਨਾਲ ਸਬੰਧਿਤ ਵੱਖ-ਵੱਖ ਗਤੀਵਿਧੀਆਂ ਅਤੇ ਪਹਿਲਕਦਮੀਆਂ ਦਾ ਤਾਲਮੇਲ ਅਤੇ ਨਿਗਰਾਨੀ ਕਰਨਗੇ। ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਸਕੂਲਾਂ ਅਤੇ ਸੀ.ਬੀ.ਐੱਸ.ਈ. ਖੇਤਰੀ ਦਫ਼ਤਰ ਵਿਚਕਾਰ ਸੁਚਾਰੂ ਸੰਚਾਰ ਸਥਾਪਿਤ ਕਰਨਾ, ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣਾ ਅਤੇ ਸੀ.ਬੀ.ਐਸ.ਈ. ਬੋਰਡ ਪ੍ਰੀਖਿਆਵਾਂ ਦਾ ਆਯੋਜਨ ਕਰਨਾ ਸ਼ਾਮਿਲ ਹੈ। ਆਪਣੀ ਨਿਯੁਕਤੀ 'ਤੇ ਧੰਨਵਾਦ ਪ੍ਰਗਟ ਕਰਦੇ ਹੋਏ ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਸਿਟੀ ਕੋਆਰਡੀਨੇਟਰ ਦੀ ਭੂਮਿਕਾ ਨਿਭਾਉਣਾ, ਉਨ੍ਹਾਂ ਲਈ ਮਾਣ ਅਤੇ ਜ਼ਿੰਮੇਵਾਰੀ ਦੋਵੇਂ ਹੈ। ਸੀ.ਬੀ.ਐੱਸ.ਈ. ਦੇ ਸਹਿਯੋਗ ਨਾਲ ਸ਼ਹਿਰ ਵਿਚ ਸਿੱਖਿਆ ਦੀ ਗੁਣਵੱਤਾ ਨੂੰ ਵਧਾਉਣ ਵਿਚ ਯੋਗਦਾਨ ਪਾਉਣ ਦਾ ਇਹ ਇਕ ਕੀਮਤੀ ਮੌਕਾ ਹੈ। ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਸ਼ੁਭਰਾ ਰਾਣੀ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ। ਉਸ ਨੇ ਕਿਹਾ ਕਿ ਇਹ ਨਿਯੁਕਤੀ ਖੇਤਰ ਵਿਚ ਉੱਤਮਤਾ ਅਤੇ ਵਿੱਦਿਅਕ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।



ਪ੍ਰਿੰਸੀਪਲ ਸ਼ੁਭਰਾ ਰਾਣੀ।



ਪਲਸ ਪੋਲੀਓ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਪਠਾਨਕੋਟ ਦੇ ਗੁਰਦੁਆਰਾ ਦਮਦਮਾ ਸਾਹਿਬ ਮੀਰਪੁਰ ਕਾਲੋਨੀ ਵਿਖੇ ਲਗਾਏ ਗਏ ਕੈਂਪ ਦੌਰਾਨ ਪੋਲੀਓ ਰੋਕੂ ਬੂੰਦਾਂ ਪਿਆਉਂਦੇ ਹੋਏ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲਾਟੀ ਤੇ ਹੋਰ। ਤਸਵੀਰ: ਸੰਧੂ

# ਸੁਖਬੀਰ 'ਤੇ ਹੋਇਆ ਹਮਲਾ ਮੰਦਭਾਗੀ ਘਟਨਾ-ਕਰਨੈਲ ਗੋਸਾਈਂਪੁਰ/ਕੁਲਦੀਪ ਅਖਵਾਨਾ

ਸੁਜਾਨਪੁਰ, 8 ਦਸੰਬਰ (ਜਗਦੀਪ ਸਿੰਘ)-ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਵਲੋਂ ਸੁਣਾਈ ਸਜ਼ਾ ਨੂੰ ਕਬੂਲਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਦਰਬਾਰ ਘੰਟਾ ਘਰ ਵਿਖੇ ਸੇਵਾ ਨਿਭਾਉਂਦੇ ਹੋਏ ਹਮਲੇ ਦੀ ਸਾਬਕਾ ਬਲਾਕ ਸੰਮਤੀ ਮੈਂਬਰ ਕਰਨੈਲ ਸਿੰਘ ਗੋਸਾਈਂਪੁਰ ਤੇ ਕੁਲਦੀਪ ਸਿੰਘ ਅਖਵਾਨਾ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਤੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਦਾ ਨਿਰਾਦਰ ਹੈ। ਅਜਿਹੀਆਂ ਘਟਨਾਵਾਂ ਸਾਡੇ ਸਮਾਜਿਕ ਤਾਣੇ ਬਾਣੇ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਕਮਜ਼ੋਰ ਕਰਦੀਆਂ ਹਨ। ਇਸ ਹਮਲੇ ਦੀ ਸਾਜਿਸ਼ ਰਚਣ ਵਾਲਿਆਂ ਦਾ ਜਲਦ ਪਤਾ ਲਗਾਇਆ ਜਾਣਾ ਚਾਹੀਦਾ ਹੈ।



ਕਰਨੈਲ ਸਿੰਘ ਤੇ ਕੁਲਦੀਪ ਸਿੰਘ ਅਖਵਾਨਾ ਗੱਲਬਾਤ ਕਰਦੇ ਹੋਏ। ਤਸਵੀਰ : ਜਗਦੀਪ ਸਿੰਘ

# 185 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ

ਸ਼ਾਹਪੁਰ ਕੰਢੀ, 8 ਦਸੰਬਰ (ਰਣਜੀਤ ਸਿੰਘ)-ਪੋਲੀਓ ਦੀ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕਰਨ ਦੇ ਮੰਤਵ ਨਾਲ 0 ਤੋਂ 5 ਸਾਲ ਦੇ ਬੱਚਿਆਂ ਨੂੰ ਪਲਸ ਪੋਲੀਓ ਦੀਆਂ ਬੂੰਦਾਂ ਪਿਲਾਉਣ ਦੀ ਚਲਾਈ ਮੁਹਿੰਮ ਤਹਿਤ ਰਣਜੀਤ ਸਾਗਰ ਡੈਮ ਦੇ ਸਰਕਾਰੀ ਹਸਪਤਾਲ ਦੇ ਐਸ.ਐਮ.ਓ. ਡੀ.ਐਨ. ਚੌਧਰੀ ਦੀ ਅਗਵਾਈ ਹੇਠ 185 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਪੋਲੀਓ ਬੂੰਦਾਂ ਪਿਲਾਉਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ੍ਰੀ ਗੁਰੂ ਰਵਿਦਾਸ ਮੰਦਿਰ ਅਤੇ ਲਕਸ਼ਮੀ ਨਰਾਇਣ ਮੰਦਿਰ ਵਿਖੇ ਬੂਥ ਬਣਾਏ ਗਏ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਦੂਰ ਨਾ ਜਾਣਾ ਪਵੇ। ਇਸ ਮੌਕੇ ਨੋਡਲ ਅਧਿਕਾਰੀ ਰਮਨਦੀਪ ਕੌਰ, ਡਾ: ਰਾਣੀ ਚੌਧਰੀ ਆਦਿ ਹਾਜ਼ਰ ਸਨ।



ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੀ ਹੋਈ ਡਾ: ਰਾਣੀ ਚੌਧਰੀ। ਤਸਵੀਰ: ਰਣਜੀਤ ਸਿੰਘ